

'ਮਹਿਕ ਵਤਨ ਦੀ ਲਾਈਵ' ਦਾ ਕੈਨੇਡਾ ਐਡੀਸ਼ਨ ਸ਼ੁਰੂ ਹੋਣ 'ਤੇ ਅਦਾਰੇ ਨੂੰ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਵਸਦੇ ਸਮੂੰਹ ਪੰਜਾਬੀ ਪਾਠਕਾਂ ਨੂੰ ਕੋਟਿ-ਕੋਟਿ ਮੁਬਾਰਕਾਂ !



# ਰੂਹਾਨੀਅਤ ਦਾ ਕੇਂਦਰ ਡੇਰਾ ਬਾਬਾ ਰਾਮ ਧੰਨ ਜੀ

## ਪਿੰਡ ਲੋਹਗੜ੍ਹ, ਜ਼ਿਲ੍ਹਾ ਮੋਗਾ, ਮੋ. 98144-87612



## ਬਾਬਾ ਸ੍ਰੀਚੰਦ ਜੀ ਦੀ 14ਵੀਂ ਗੱਦੀ 'ਤੇ ਬਾਬਾ ਰਾਮ ਸਿੰਘ ਜੀ ਲੋਹਗੜ੍ਹ

ਜਗਦ ਗੁਰੂ ਭਗਵਾਨ ਸ੍ਰੀ ਚੰਦਰ ਜੀ ਮਹਾਰਾਜ ਉਦਾਸੀ ਨਾਂਚਾਰਯ ਦੇਸੰਪਰਦਾਇ ਵਿੱਚ ਚੱਲੀ ਆ ਰਹੀ ਸੇਵਾ ਹੁਣ ਬਾਬਾ ਰਾਮ ਸਿੰਘ ਜੀ ਮੁੱਖ ਸੇਵਾਦਾਰ ਦੇ ਤੌਰ 'ਤੇ ਨਿਭਾ ਰਹੇ ਹਨ। ਬਾਬਾ ਰਾਮ ਸਿੰਘ ਜੀ ਬਾਬਾ ਸ੍ਰੀ ਚੰਦ ਜੀ ਦੀ 14ਵੀਂ ਅਤੇ ਬਾਬਾ ਰਾਮ ਧੰਨ ਜੀ ਦੀ ਅੱਠਵੀਂ ਗੱਦੀ ਤੇ ਹਨ। ਬਾਬਾ ਰਾਮ ਸਿੰਘ ਜੀ ਦਾ ਦਨਮ ਮਿਤੀ 12.5.1957ਨੂੰ ਪਿਤਾ ਸ. ਗੁਰਦਿੱਤ ਸਿੰਘ ਦੇ ਘਰ ਮਾਤਾ ਗੁਰਚਰਨ ਕੌਰ ਦੀਕੁੱਖੋਂ ਪਿੰਡ ਨਸੀਰੇਵਾਲਾ ਵਿਖੇ ਹੋਇਆ। ਆਪ ਵੀ ਆਪਣੇ ਮਾਤਾ-ਪਿਤਾ ਵਾਂਗ ਬਚਪਨ ਤੋਂ ਹੀ ਧਾਰਮਿਕ ਬਿਰਤੀ ਵਾਲੇ ਰਹੇ। ਆਪਣੇ ਪਿੰਡ ਹੀ ਮੁੱਢਲੀ ਸਿੱਖਿਆ ਪ੍ਰਾਪਤ ਕਰਕੇ, ਗੁਰੂ ਗ੍ਰੰਥ ਸਾਹਿਬ ਦੇ ਚਰਨਾਂ 'ਚ ਜੁੜ ਬੈਠੇ। ਬਾਬਾ ਜੀ ਹੁਣ ਰੱਜ ਕੇ ਸਿੱਖੀ ਦਾ ਪ੍ਰਚਾਰ ਮਧੁਰ ਆਵਾਜ਼ ਨਾਲ ਗੁਰਬਾਣੀ ਦਾ ਕੀਰਤਨ ਕਰ ਕੇ ਕਰ ਰਹੇ ਹਨ। ਵਾਹਿਗੁਰੂ ਨੇ ਅਜਿਹਾ ਰਸੀਲਾ ਕੰਠ ਦਿੱਤਾ ਹੈ। ਜਦੋਂ ਬਾਬਾ ਜੀ ਕੀਰਤਨ ਕਰਦੇ ਹਨ ਸੰਗਤਾਂ ਵਾਹਿਗੁਰੂ ਦੀ ਅੱਪਰਮ-ਅਪਾਰ ਲੀਲਾ ਵਿੱਚ ਝੂਮਣ ਲੱਗ ਜਾਂਦੀਆਂ ਹਨ।

ਮਾਘ ਦੇ ਮਹੀਨੇ ਵਿੱਚ ਅਖੰਡ ਪਾਠ, ਡੇਰਾ ਸਾਹਿਬ ਵਿਖੇ ਚੱਲਦੇ ਹਨ। ਪੰਜਾਬ ਤੇ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚੋਂ ਸੰਗਤਾਂ ਇਥੇ ਆਉਂਦੀਆਂ ਹਨ। ਸੰਗਤਾਂ ਜਿਸ ਭਾਵਨਾ ਤੇ ਉਮੀਦ ਲੈ ਕੇ ਆਉਂਦੀਆਂ ਹਨ, ਬਾਬਾ ਰਾਮ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਅਰਦਾਸ ਕਰਕੇ, ਆਈਆਂ ਸੰਗਤਾਂ ਦਾ ਤੇ ਸਰਬੱਤ ਦਾ ਭਲਾ ਮੰਗਦੇ ਹਨ। ਬਾਬਾ ਰਾਮ ਸਿੰਘ ਜੀ ਇਥੇ 10 ਸਾਲਾਂ ਤੋਂ ਸੇਵਾ ਕਰ ਰਹੇ ਹਨ।

ਇਸ ਡੇਰਾ ਸਾਹਿਬ ਦੇ ਅੰਦਰ ਬਾਬਾ ਰਾਮਧੰਨ ਜੀਦੀ ਸਮਾਧ ਬਣੀ ਹੋਈ ਹੈ। ਇਸ ਗੁਰਦੁਆਰਾ ਸਾਹਿਬ ਨਾਲ ਸੰਬੰਧਤ ਅਸਥਾਨ, ਨਗਰ ਦੇ ਅੰਦਰ ਵੀ ਬਣਿਆ ਹੋਇਆ ਹੈ। ਬਾਬਾ ਰਾਮ ਸਿੰਘ ਜੀ ਨੇ ਪ੍ਰਵਚਨ ਕਰਦਿਆਂ ਦੱਸਿਆ ਕਿ ਬਾਬਾ ਰਾਮ ਧੰਨ ਜੀ ਦਾ ਜਨਮ ਲੋਹਗੜ੍ਹ ਪਿੰਡ ਵਿੱਚ ਹੋਇਆ। ਪਹਿਲਾਂ ਆਪ ਭਿੰਡਰਕਲਾਂ ਦੇ ਡੇਰੇ ਵਿੱਚ ਸਿਮਰਨ ਤੇ ਸੇਵਾ ਕਰਦੇ ਹਨ। ਵਾਹਿਗੁਰੂ ਦੀ ਕ੍ਰਿਪਾ ਨਾਲ ਹਮੇਸ਼ਾ ਭਗਤੀ-ਭਾਵ ਵਿੱਚ ਲੀਨ ਰਹਿੰਦੇ ਸਨ।

ਉਨ੍ਹਾਂ ਕੋਲ ਇਲਾਕੇ ਦੇ ਸੇਵਾਦਾਰ ਕਹਿਣ ਲੱਗੇ ਕਿ ਉਥੇ ਬੇਰੀਆਂ ਬਹੁਤ ਲੱਗੀਆਂ ਹਨ। ਅਸੀਂ ਨਗਰ ਨਿਵਾਸੀ ਬਹੁਤ ਔਖੇ ਹਾਂ, ਕਿਉਂਕਿ ਕੁਝ ਨਾ ਕੁਝ ਇਥੇ ਵਾਪਰਦਾ ਰਹਿੰਦਾ ਹੈ। ਲੋਕਾਂ ਦੇ ਰੋੜੇ-ਪੱਥਰ ਅਕਸਰ ਵੱਜਦੇ ਰਹਿੰਦੇ ਹਨ। ਇਸ ਸੰਬੰਧੀ ਉਪਾਅ ਕਰੋ। ਬਾਬਾ ਜੀ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਬੇਰੀਆਂ ਨੂੰ ਬੇਰ ਨਾਂ ਲੱਗਣ। ਬਾਬਾ ਜੀ ਦੀ ਅਰਦਾਸ ਰੰਗ ਲਿਆਈ, ਬੇਰੀਆਂ ਨੂੰ ਬੇਰ ਲੱਗਣੇ ਬੰਦ ਹੋ ਗਏ। ਸੰਗਤਾਂ ਅੱਜ ਵੀ ਜਾ ਕੇ ਦੇਖਣ ਤਾਂ ਨਜ਼ਰ ਆਉਂਦਾ ਹੈ ਕਿ ਬੇਰੀਆਂ ਨੂੰ ਬੂਰ ਤਾਂ ਪੈਂਦਾ ਹੈ,ਪਰ ਬੇਰ ਨਹੀਂ ਲੱਗਦੇ।

ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ, ਸੰਤਾਂ ਦੀ ਰਹਿਨੁਮਾਈ ਹੇਠ, ਸੰਗਤਾਂ ਐਸੇ ਸੁੱਖ ਪ੍ਰਾਪਤ ਕਰਦੀਆਂ ਹਨ, ਜੋ ਉਹ ਕਦੇ ਸੋਚ ਵੀ ਨਹੀਂ ਸਕਦੀਆਂ। ਇਹ ਅਸਥਾਨ ਧਰਮਕੋਟ ਤੋਂ ਲੋਹਗੜ੍ਹ ਸੜਕ ਤੇ ਤਕਰੀਬਨ ਦੋ ਕਿਲੋਮੀਟਰ ਦੂਰ ਹੈ, ਮੋਗਾ ਸ਼ਹਿਰ ਤੋਂ 17 ਕੁ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਹੁਣ ਬਾਬਾ ਰਾਮ ਸਿੰਘ ਜੀ, ਜਿਥੇ ਡੇਰੇ ਸਾਹਿਬ ਦੀ ਸੇਵਾ ਸੰਭਾਲ ਕਰ ਰਹੇ ਹਨ, ਉਥੇ ਨਾਲ-ਨਾਲ ਦੇਸੀ ਦਵਾਈਆਂ ਨਾਲ, ਦੇਸੀ ਇਲਾਜ ਕਰ ਕੇ, ਸੰਗਤਾਂ ਨੂੰ ਤੰਦਰੁਸਤੀ ਬਖਸ਼ੀ ਜਾ ਰਹੀ ਹੈ। ਇਹ ਅਸਥਾਨ ਦੇਖਣ ਯੋਗ ਹੈ।

ਮਾ. ਜਸਪਾਲ ਸਿੰਘ

**ਧਰਮਕੋਟ ਤੋਂ ਲੋਹਗੜ੍ਹ ਸੜਕ 'ਤੇ ਤਕਰੀਬਨ 2 ਕਿਲੋਮੀਟਰ ਦੂਰ, ਮੋਗੇ ਤੋਂ 17 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਡੇਰੇ ਵਿਚ ਜਿਥੇ ਬਾਬਾ ਰਾਮ ਸਿੰਘ ਜੀ ਡੇਰੇ ਦੀ ਸੇਵਾ ਸੰਭਾਲ ਕਰ ਰਹੇ ਹਨ ਉਥੇ ਨਾਲ-ਨਾਲ ਦੇਸੀ ਦਵਾਈਆਂ ਨਾਲ ਦੇਸੀ ਇਲਾਜ ਕਰਕੇ ਸੰਗਤਾਂ ਦੇ ਹਰ ਪ੍ਰਕਾਰ ਦੇ ਕਸ਼ਟ ਦੂਰ ਕਰਕੇ ਸੰਗਤਾਂ ਨੂੰ ਤੰਦਰੁਸਤੀ ਬਖ਼ਸ਼ਦੇ ਹਨ।**

## ਮੁੱਖ ਸੇਵਾਦਾਰ – ਬਾਬਾ ਰਾਮ ਸਿੰਘ ਜੀ

ਮਹਿਕ ਵਤਨ ਦੀ ਐਵਾਰਡ ਨਾਲ ਸਨਮਾਨਿਤ ਅੰਤਰ-ਰਾਸ਼ਟਰੀ ਢਾਡੀ ਜੱਥਾ

ਢਾਡੀ ਸਾਧੂ ਸਿੰਘ ਧੰਮੂ ਧੂੜਕੋਟ ਵਾਲੇ

ਪ੍ਰੋਗਰਾਮ ਬੁੱਕ ਕਰਵਾਉਣ ਲਈ ਸੰਪਰਕ ਕਰੋ

ਮੋ. 98143-71922

ਅੱਜਕਲ੍ਹ ਦੇ ਕੰਨ ਪਾੜੂ ਸੰਗੀਤ ਨੂੰ ਠੱਲ੍ਹ ਪਾਉਣ ਲਈ ਅਤੇ ਢਾਡੀ ਕਵੀਸ਼ਰ ਕਲਾ ਦੀ ਪ੍ਰਫੁੱਲਤਾ ਲਈ

ਢਾਡੀ ਕਵੀਸ਼ਰ ਕਲਾ ਬਚਾਉ ਲਹਿਰ

ਦੇ ਮੈਂਬਰ ਬਣੋ। ਆਰਥਿਕ ਪੱਖੋਂ ਕਮਜ਼ੋਰ ਢਾਡੀ ਕਵੀਸ਼ਰਾਂ ਦੀ ਮੱਦਦ ਲਈ ਅਤੇ ਹੋਰ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ।

ਮੋ. 98143-71922



ਬੀਬੀ ਕੁਲਦੀਪ ਕੌਰ ਦੁੱਗਾਂ



ਸਾਰੰਗੀ ਵਾਦਕ ਕਮਲਜੀਤ ਸਿੰਘ ਕੋਮਲ



ਬੀਬੀ ਕਰਮਵੀਰ ਕੌਰ ਸਮਾਲਸਰ



ਢਾਡੀ ਸਾਧੂ ਸਿੰਘ ਧੰਮੂ